# रहमतां दे मींह बरसा दातिए

ਰਹਿਮਤਾਂ ਦੇ ਮੀਂਹ ਬਰਸਾ ਦਾਤੀਏ,
ਰਹਿਮਤਾਂ ਦਾ ਮੀਂਹ ਬਰਸਾ ॥
*ਸਾਡੀ ਵੀ ਝੋਲੀ 'ਚ, ਖ਼ੈਰਾਂ ਪਾ ਦਾਤੀਏ,
ਰਹਿਮਤਾਂ ਦੇ ਮੀਂਹ ਬਰਸਾ,,,
ਰਹਿਮਤਾਂ ਦੇ ਮੀਂਹ ਬਰਸਾ,,,,,,,,,,,,

ਹੁੰਦੀਆਂ ਨੇ ਪੂਰੀਆਂ, ਮੁਰਾਦਾਂ ਮਾਂਏਂ ਮੇਰੀਏ ਨੀ,
ਤੇਰੇ ਦਰ ਤੋਂ*,
ਆਏ ਜੋ ਸਵਾਲੀ, ਕਦੇ ਮੁੜਦੇ ਨਾ ਖ਼ਾਲੀ,
ਮਾਂਏਂ ਤੇਰੇ ਘਰ ਤੋਂ ॥
*ਸਭਨਾਂ ਦੀ ਰੀਝ, ਤੂੰ ਪੁਗਾ ਦਾਤੀਏ,
ਰਹਿਮਤਾਂ ਦੇ ਮੀਂਹ ਬਰਸਾ,,,
ਰਹਿਮਤਾਂ ਦੇ ਮੀਂਹ ਬਰਸਾ,,,,,,,,,,,,

ਜੰਨਤ ਨਸੀਬ ਹੁੰਦੀ, ਅੰਮੀਏ ਰੂਹਾਨੀ ਤੇਰਾ,
ਮੁਖ਼ ਵੇਖ ਕੇ*,
ਮੁੱਕ ਜਾਂਦੇ ਜਨਮਾਂ ਦੇ, ਪਾਪ ਤੇਰੇ ਚਰਨਾਂ 'ਚ,
ਮੱਥਾ ਟੇਕ ਕੇ ॥
*ਦੁੱਖਾਂ ਤੇ ਕਲੇਸ਼ਾਂ ਨੂੰ, ਮੁਕਾ ਦਾਤੀਏ,
ਰਹਿਮਤਾਂ ਦੇ ਮੀਂਹ ਬਰਸਾ,,,
ਰਹਿਮਤਾਂ ਦੇ ਮੀਂਹ ਬਰਸਾ,,,,,,,,,,,,

ਚਰਨਾਂ 'ਚ ਰੱਖੀ ਮਾਂਏਂ, ਆਪਣੇ ਤੂੰ ਨਾਮ ਵਾਲਾ,
ਰੰਗ ਰੰਗ ਕੇ*,
ਸੁਣੀ ਫ਼ਰਿਆਦ, ਸਾਰੇ ਪੂਰੇ ਕਰੀਂ ਕਾਜ਼,
ਮਾਂਏਂ ਰਿੰਕੂ ਟੰਡ ਦੇ ॥
*ਸ਼ੋਭਾ ਦਿੱਤੀ ਏ, ਵਡਾਲੀ ਨੇ ਸੁਣਾ ਦਾਤੀਏ,
ਰਹਿਮਤਾਂ ਦੇ ਮੀਂਹ ਬਰਸਾ
ਰਹਿਮਤਾਂ ਦੇ ਮੀਂਹ ਬਰਸਾ,,,,,,,,,,,

ਅਪਲੋਡਰ- ਅਨਿਲਰਾਮੂਰਤੀਭੋਪਾਲ

https://alltvads.com/bhajan/lyrics/id/25419/title/rehmata-de-meeh-barsa-daatiye

अपने Android मोबाइल पर BhajanGanga App डाउनलोड करें और भजनों का आनंद ले |